# ਪਾਠ 6

# ਗੁਰੂ ਅਰਜਨ ਦੇਵ ਜੀ ਅਤੇ ਉਹਨਾਂ ਦੀ ਸ਼ਹੀਦੀ

| | |
|---|---|
| 1) ਗੁਰੂ ਅਰਜਨ ਦੇਵ ਜੀ ਦਾ ਜਨਮ ਕਦੋਂ ਹੋਇਆ ? | 15 ਅਪ੍ਰੈਲ 1563 ਈ: |
| 2) ਗੁਰੂ ਅਰਜਨ ਦੇਵ ਜੀ ਦਾ ਜਨਮ ਕਿੱਥੇ ਹੋਇਆ ? | ਗੋਇੰਦਵਾਲ ਸਾਹਿਬ ਵਿਖੇ |
| 3) ਗੁਰੂ ਅਰਜਨ ਦੇਵ ਜੀ ਦੇ ਪਿਤਾ ਜੀ ਦਾ ਨਾਂ ਕੀ ਸੀ ? | ਗੁਰੂ ਰਾਮਦਾਸ ਜੀ |
| 4) ਗੁਰੂ ਅਰਜਨ ਦੇਵ ਜੀ ਦੇ ਮਾਤਾ ਜੀ ਦਾ ਨਾਂ ਕੀ ਸੀ ? | ਬੀਬੀ ਭਾਨੀ ਜੀ |
| 5) ਗੁਰੂ ਅਮਰਦਾਸ ਜੀ , ਗੁਰੂ ਅਰਜਨ ਦੇਵ ਜੀ ਦੇ ਕੀ ਲੱਗਦੇ ਸਨ ? | ਨਾਨਾ ਜੀ |
| 6) ਗੁਰੂ ਅਰਜਨ ਦੇਵ ਜੀ ਜਨਮ ਸਮੇਂ ਗੁਰੂ ਅਮਰਦਾਸ ਜੀ ਨੇ ਕੀ ਭਵਿੱਖਵਾਣੀ ਕੀਤੀ ? | ਮੇਰਾ ਇਹ ਦੋਹਤਾ ਬਾਣੀ ਕਾ ਬੋਹਿਥਾ ਹੋਵੇਗਾ |
| 7) ਗੁਰੂ ਅਰਜਨ ਦੇਵ ਜੀ ਦੀ ਸੁਪਤਨੀ ਦਾ ਕੀ ਨਾਂ ਸੀ ? | ਗੰਗਾ ਦੇਵੀ ਜੀ |
| 8) ਗੁਰੂ ਅਰਜਨ ਦੇਵ ਜੀ ਦੇ ਸਪੁੱਤਰ ਦਾ ਕੀ ਨਾਂ ਸੀ ? | ਹਰਗੋਬਿੰਦ ਜੀ |
| 9) ਹਰਗੋਬਿੰਦ ਜੀ ਦਾ ਜਨਮ ਕਦੋਂ ਹੋਇਆ ? | 1595 ਈ: |
| 10) ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਕਦੋਂ ਮਿਲੀ ? | 1581 ਈ: |

| | |
|---|---|
| 11) ਗੁਰੂ ਅਰਜਨ ਦੇਵ ਜੀ ਦੇ ਕਿੰਨੇ ਭਰਾ ਸਨ ? | ਦੋ, ਪ੍ਰਿਥੀ ਚੰਦ ਅਤੇ ਮਹਾਂਦੇਵ |
| 12) ਪ੍ਰਿਥੀ ਚੰਦ ਕੌਣ ਸੀ ? | ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ |
| 13) ਪ੍ਰਿਥੀ ਚੰਦ ਨੇ ਕਿਹੜਾ ਸੰਪਰਦਾਇ ਚਲਾਇਆ ? | ਮੀਣਾ |
| 14) ਨਕਸ਼ਬੰਦੀ ਲਹਿਰ ਦੀ ਸਥਾਪਨਾ ਕਿੱਥੇ ਕੀਤੀ ਗਈ ? | ਸਰਹਿੰਦ ਵਿਖੇ |
| 15) ਨਕਸ਼ਬੰਦੀ ਲਹਿਰ ਦਾ ਨੇਤਾ ਕੌਣ ਸੀ ? | ਸ਼ੇਖ ਅਹਿਮਦ ਸਰਹਿੰਦੀ |
| 16) ਚੰਦੂ ਸ਼ਾਹ ਕੌਣ ਸੀ ? | ਲਾਹੌਰ ਦਾ ਦੀਵਾਨ |
| 17) ਹਰਿਮੰਦਰ ਤੋਂ ਕੀ ਭਾਵ ਹੈ ? | ਈਸ਼ਵਰ ਦਾ ਮੰਦਰ |
| 18) ਹਰਿਮੰਦਰ ਸਾਹਿਬ ਦੀ ਸਥਾਪਨਾ ਕਿੱਥੇ ਕੀਤੀ ਗਈ ? | ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ |
| 19) ਹਰਿਮੰਦਰ ਸਾਹਿਬ ਦੀ ਸਥਾਪਨਾ ਕਿਹੜੇ ਸਰੋਵਰ ਦੇ ਵਿਚਕਾਰ ਕੀਤੀ ਗਈ ? | ਅੰਮ੍ਰਿਤ ਸਰੋਵਰ ਦੇ ਵਿਚਕਾਰ |
| 20) ਹਰਿਮੰਦਰ ਸਾਹਿਬ ਦੀ ਨੀਂਹ ਕਦੋਂ ਰੱਖੀ ਗਈ ? | 13 ਜਨਵਰੀ 1588 ਈ: |
| 21) ਗੁਰੂ ਅਰਜਨ ਦੇਵ ਜੀ ਨੇ ਹਰਿਮੰਦਰ ਸਾਹਿਬ ਦੀ ਨੀਂਹ ਕਿਸਤੋਂ ਰੱਖਵਾਈ ? | ਸਾਈਂ ਮੀਆਂ ਮੀਰ ਜੀ ਤੋਂ |
| 22) ਹਰਿਮੰਦਰ ਸਾਹਿਬ ਦੇ ਕਿੰਨੇ ਦਰਵਾਜੇ ਰਖਵਾਏ ਗਏ ? | ਚਾਰ |
| 23) ਹਰਿਮੰਦਰ ਸਾਹਿਬ ਦਾ ਨਿਰਮਾਣ ਕਾਰਜ ਕਦੋਂ ਪੂਰਾ ਹੋਇਆ ? | 1601 ਈ: |
| 24) ਤਰਨਤਾਰਨ ਸਾਹਿਬ ਦੀ ਸਥਾਪਨਾ ਕਿਸਨੇ ਕੀਤੀ ? | ਗੁਰੂ ਅਰਜਨ ਦੇਵ ਜੀ ਨੇ |
| 25) ਤਰਨਤਾਰਨ ਸਾਹਿਬ ਦੀ ਸਥਾਪਨਾ ਕਦੋਂ ਕੀਤੀ ਗਈ ? | 1590 ਈ: |
| 26) ਗੁਰੂ ਅਰਜਨ ਦੇਵ ਜੀ ਦੁਆਰ ਸਥਾਪਿਤ ਕੀਤੇ ਕਿਸੇ ਦੋ ਸ਼ਹਿਰਾਂ ਦੇ ਨਾਂ ਲਿਖੋ। | ਕਰਤਾਰਪੁਰ ਅਤੇ ਹਰਗੋਬਿੰਦਪੁਰ |
| 27) ਕਰਤਾਰਪੁਰ ਸਾਹਿਬ ਕਿਹੜੇ ਜਿਲ੍ਹੇ ਵਿੱਚ ਸਥਿਤ ਹੈ ? | ਜਲੰਧਰ ਵਿੱਚ |
| 28) ਕਰਤਾਰਪੁਰ ਦਾ ਕੀ ਅਰਥ ਹੈ ? | ਈਸ਼ਵਰ ਦਾ ਨਗਰ |
| 29) ਕਰਤਾਰਪੁਰ ਸਾਹਿਬ ਵਿਖੇ ਕਿਹੜਾ ਸਰੋਵਰ ਬਣਵਾਇਆ ਗਿਆ ? | ਗੰਗਸਰ |

| | |
|---|---|
| 30) ਗੁਰੂ ਅਰਜਨ ਦੇਵ ਜੀ ਨੇ ਹਰਗੋਬਿੰਦਪੁਰ ਦੀ ਸਥਾਪਨਾ ਕਿਉਂ ਕੀਤੀ ? | ਹਰਗੋਬਿੰਦ ਜੀ ਦੇ ਜਨਮ ਦੀ ਖੁਸ਼ੀ ਵਿੱਚ |
| 31) ਹਰਗੋਬਿੰਦਪੁਰ ਸਾਹਿਬ ਦੀ ਸਥਾਪਨਾ ਕਦੋਂ ਕੀਤੀ ਗਈ, | 1595 ਈ: |
| 32) ਗੁਰੂ ਅਰਜਨ ਦੇਵ ਜੀ ਨੇ ਬਾਉਲੀ ਦਾ ਨਿਰਮਾਣ ਕਿੱਥੇ ਕਰਵਾਇਆ ? | ਡੱਬੀ ਬਜਾਰ, ਲਾਹੌਰ ਵਿਖੇ |
| 33) ਮਸੰਦ ਪ੍ਰਥਾ ਦੀ ਸਥਾਪਨਾ ਕਿਸਨੇ ਕੀਤੀ ਸੀ ? | ਗੁਰੂ ਰਾਮਦਾਸ ਜੀ ਨੇ |
| 34) ਮਸੰਦ ਪ੍ਰਥਾ ਦਾ ਅਸਲ ਵਿਕਾਸ ਕਿਸਦੇ ਸਮੇਂ ਹੋਇਆ ? | ਗੁਰੂ ਅਰਜਨ ਦੇਵ ਜੀ ਦੇ ਸਮੇਂ |
| 35) ਮਸੰਦ ਕਿਹੜੀ ਭਾਸ਼ਾ ਦਾ ਸ਼ਬਦ ਹੈ ? | ਫਾਰਸੀ |
| 36) ਮਸੰਦ ਸ਼ਬਦ ਕਿਹੜੇ ਫਾਰਸੀ ਸ਼ਬਦ ਤੋਂ ਬਣਿਆ ਹੈ ? | ਮਸਨਦ |
| 37) ਮਸੰਦ (ਮਸਨਦ) ਸ਼ਬਦ ਤੋਂ ਕੀ ਭਾਵ ਹੁੰਦਾ ਹੈ ? | ਉੱਚਾ ਸਥਾਨ |
| 38) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿਸਨੇ ਕੀਤਾ ? | ਗੁਰੂ ਅਰਜਨ ਦੇਵ ਜੀ ਨੇ |
| 39) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿੱਥੇ ਕੀਤਾ ਗਿਆ ? | ਅੰਮ੍ਰਿਤਸਰ ਸਾਹਿਬ ਵਿਖੇ |
| 40) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿਹੜੇ ਸਰੋਵਰ ਦੇ ਕੰਢੇ ਕੀਤਾ ਗਿਆ ? | ਰਾਮਸਰ ਸਰੋਵਰ ਦੇ ਕੰਢੇ |
| 41) ਆਦਿ ਗ੍ਰੰਥ ਸਾਹਿਬ ਵਿੱਚ ਬਾਣੀ ਨੂੰ ਲਿਖਣ ਦਾ ਕਾਰਜ ਕਿਸਨੇ ਕੀਤਾ ? | ਭਾਈ ਗੁਰਦਾਸ ਜੀ ਨੇ |
| 42) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿਹੜੇ ਸਾਲ ਆਰੰਭ ਹੋਇਆ ? | 1601 ਈ: |
| 43) ਆਦਿ ਗ੍ਰੰਥ ਸਾਹਿਬ ਦਾ ਸੰਕਲਨ ਕਿਹੜੇ ਸਾਲ ਸੰਪੂਰਨ ਹੋਇਆ ? | 1604 ਈ: |
| 44) ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹਰਿਮੰਦਰ ਸਾਹਿਬ ਵਿਖੇ ਕਦੋਂ ਕੀਤਾ ਗਿਆ ? | 16 ਅਗਸਤ 1604 ਈ: |
| 45) ਆਦਿ ਗ੍ਰੰਥ ਸਾਹਿਬ ਦੇ ਕਿੰਨੇ ਅੰਗ ਹਨ ? | 1430 |
| 46) ਆਦਿ ਗ੍ਰੰਥ ਸਾਹਿਬ ਵਿੱਚ ਬਾਣੀ ਨੂੰ ਕਿੰਨੇ ਰਾਗਾਂ ਵਿੱਚ ਦਰਜ ਕੀਤਾ ਗਿਆ ? | 31 |
| 47) ਆਦਿ ਗ੍ਰੰਥ ਸਾਹਿਬ ਕਿਹੜੀ ਲਿਪੀ ਵਿੱਚ ਲਿਖਿਆ ਗਿਆ ਹੈ ? | ਗੁਰਮੁੱਖੀ ਲਿਪੀ ਵਿੱਚ |
| 48) ਆਰੰਭ ਵਿੱਚ ਆਦਿ ਗ੍ਰੰਥ ਸਾਹਿਬ ਵਿੱਚ ਕਿੰਨੇ ਗੁਰੂ ਸਾਹਿਬਾਨ ਦੀ ਬਾਣੀ ਸੀ ? | ਪਹਿਲੇ ਪੰਜ ਗੁਰੂ ਸਾਹਿਬਾਨ ਦੀ |

| | |
|---|---|
| 49) ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਆਦਿ ਗ੍ਰੰਥ ਸਾਹਿਬ ਵਿੱਚ ਕਿਹੜੇ ਗੁਰੂ ਸਾਹਿਬ ਦੀ ਬਾਣੀ ਸ਼ਾਮਿਲ ਕੀਤੀ ਗਈ ? | ਗੁਰੂ ਤੇਗ ਬਹਾਦਰ ਜੀ ਦੀ |
| 50) ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਸਾਹਿਬ ਨੂੰ ਕਿਹੜਾ ਦਰਜਾ ਦਿੱਤਾ ? | ਗੁਰੂ ਗ੍ਰੰਥ ਸਾਹਿਬ ਜੀ ਦਾ |
| 51) ਆਦਿ ਗ੍ਰੰਥ ਸਾਹਿਬ ਵਿੱਚ ਸਭ ਤੋਂ ਵਧ ਸ਼ਬਦ ਕਿਹੜੇ ਗੁਰੂ ਸਾਹਿਬ ਦੇ ਹਨ ? | ਗੁਰੂ ਅਰਜਨ ਦੇਵ ਜੀ ਦੇ |
| 52) ਗੁਰੂ ਅਰਜਨ ਦੇਵ ਜੀ ਨੂੰ ਕਦੋਂ ਸ਼ਹੀਦ ਕੀਤਾ ਗਿਆ ? | 30 ਮਈ 1606 ਈ: |
| 53) ਗੁਰੂ ਅਰਜਨ ਦੇਵ ਜੀ ਨੂੰ ਕਿਹੜੇ ਮੁਗਲ ਬਾਦਸ਼ਾਹ ਨੇ ਸ਼ਹੀਦ ਕਰਵਾਇਆ ? | ਜਹਾਂਗੀਰ ਨੇ |
| 54) ਜਹਾਂਗੀਰ ਕਦੋਂ ਗੱਦੀ ਤੇ ਬੈਠਾ ? | 1605 ਈ: |
| 55) ਜਹਾਂਗੀਰ ਦੀ ਆਤਮਕਥਾ ਦਾ ਕੀ ਨਾਂ ਹੈ ? | ਤੁਜ਼ਕੇ ਜਹਾਂਗੀਰੀ |